# 2026-27 ਦੇ ਲਈ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 160 ਰੁਪਏ ਪ੍ਰਤੀ ਕੁਇੰਟਲ ਵਧਿਆ

ਭਾਰਤ ਸਰਕਾਰ ਨੇ 2026-27 ਹਾੜ੍ਹੀ ਮੰਡੀਕਰਣ ਸਾਲ (ਅਪ੍ਰੈਲ-ਮਾਰਚ) ਦੇ ਲਈ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 160 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਦਾ ਐਲਾਨ ਕੀਤਾ ਹੈ। ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀਆਂ ਸਿਫ਼ਾਰਿਸ਼ਾਂ ਨੂੰ ਮੰਨਦਿਆਂ, ਭਾਰਤੀ ਕੈਬਨਿਟ ਨੇ ਕਣਕ ਅਤੇ ਪੰਜ ਹੋਰ ਹਾੜ੍ਹੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਦਾ ਐਲਾਨ 1 ਅਕਤੂਬਰ, 2025, ਨੂੰ ਕੀਤਾ।

ਆਉਣ ਵਾਲੇ ਮੰਡੀਕਰਣ ਸਾਲ ਦੇ ਲਈ ਕਣਕ ਦਾ ਸਮਰਥਨ ਮੁੱਲ 2,585 ਰੁਪਏ ਪ੍ਰਤੀ ਕੁਇੰਟਲ ਹੈ ਜਿਹੜਾ ਕਿ 2025-26 ਵਿੱਚ 2,425 ਰੁਪਏ ਪ੍ਰਤੀ ਕੁਇੰਟਲ ਸੀ। ਪਿਛਲੇ ਸਾਲ ਤੋਂ ਕਣਕ ਦਾ ਸਮਰਥਨ ਮੁੱਲ 6.59 ਫ਼ੀਸਦੀ ਵਧਾਇਆ ਗਿਆ ਹੈ। ਜੌਂ ਦਾ ਸਮਰਥਨ ਮੁੱਲ 170 ਰੁਪਏ ਪ੍ਰਤੀ ਕੁਇੰਟਲ (ਕਰੀਬ 8.58 ਫ਼ੀਸਦੀ) ਵਧਾਇਆ ਗਿਆ ਹੈ।

ਤੇਲ ਬੀਜਾਂ ਅਤੇ ਦਾਲਾਂ ਦਾ ਸਮਰਥਨ ਮੁੱਲ ਸਭ ਤੋਂ ਵੱਧ ਵਧਾਉਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਮਸਰ ਦਾ ਘੱਟੋ-ਘੱਟ ਸਮਰਥਨ ਮੁੱਲ 300 ਰੁਪਏ ਪ੍ਰਤੀ ਕੁਇੰਟਲ (ਕਰੀਬ 4.47 ਫ਼ੀਸਦੀ), ਸਰ੍ਹੋਂ-ਤੋਰੀਆ ਦਾ ਘੱਟੋ-ਘੱਟ ਸਮਰਥਨ ਮੁੱਲ 250 ਰੁਪਏ ਪ੍ਰਤੀ ਕੁਇੰਟਲ (ਕਰੀਬ 4.2 ਫ਼ੀਸਦੀ) ਅਤੇ ਛੋਲਿਆਂ ਦਾ ਮੁੱਲ 225 ਰੁਪਏ ਪ੍ਰਤੀ ਕੁਇੰਟਲ (ਕਰੀਬ 3.98 ਫ਼ੀਸਦੀ) ਵਧਾਇਆ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ, ਕੁਸੰਭਾ ਦੇ ਮੁੱਲ ਵਿੱਚ 600 ਰੁਪਏ ਪ੍ਰਤੀ ਕੁਇੰਟਲ (ਕਰੀਬ 10.1 ਫ਼ੀਸਦੀ) ਦਾ ਵਾਧਾ ਕੀਤਾ ਗਿਆ ਹੈ।

**2026-27 ਹਾੜ੍ਹੀ ਮੌਸਮ ਦੌਰਾਨ ਸਰਕਾਰੀ ਖ਼ਰੀਦ ਲਈ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| ਫ਼ਸਲ | 2026-27 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) | 2025-26 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ | ਵਾਧਾ (ਰੁਪਏ/ਕੁਇੰਟਲ) | ਵਾਧਾ ਫੀਸਦੀ ਵਿੱਚ |
|---|---|---|---|---|
| ਕਣਕ | 2,585 | 2,425 | 160 | 6.59% |
| ਜੌਂ | 2,150 | 1,980 | 170 | 8.58% |
| ਛੋਲੇ | 5,875 | 5,650 | 225 | 3.98% |
| ਮਸਰ | 7,000 | 6,700 | 300 | 4.47% |
| ਸਰ੍ਹੋਂ ਅਤੇ ਤੋਰੀਆ | 6,200 | 5,950 | 250 | 4.2% |
| ਕੁਸੰਭਾ | 6,540 | 5,940 | 600 | 10.1% |

ਆਉ 2025-26 ਹਾੜ੍ਹੀ ਮੰਡੀਕਰਨ ਮੌਮਸ ਵਿੱਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਪਿਛਲੇ ਸਾਲ ਉਹਨਾਂ ਦੀ ਅੰਦਾਜ਼ਨ ਵਿਆਪਕ ਉਤਪਾਦਨ ਲਾਗਤ ਉੱਤੇ ਵੀ ਇੱਕ ਨਜ਼ਰ ਮਾਰੀਏ। ਖੇਤੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ ਏ ਸੀ ਪੀ) ਦੀ ਗਣਨਾ ਦੇ ਅਨੁਸਾਰ, 2026-27 5 ਹਾੜ੍ਹੀ ਮੰਡੀਕਰਨ ਮੌਸਮ ਲਈ ਕਣਕ ਦੀ ਅੰਦਾਜ਼ਨ ਕੁੱਲ ਉਤਪਾਦਨ ਲਾਗਤ 1,804 ਰੁਪਏ ਪ੍ਰਤੀ ਕੁਇੰਟਲ ਅਤੇ ਜੌਂ ਦੀ 1,862 ਰੁਪਏ ਪ੍ਰਤੀ ਕੁਇੰਟਲ ਹੈ।

ਸੀ ਏ ਸੀ ਪੀ ਦੀ ਗਣਨਾ ਦੇ ਮੁਤਾਬਿਕ, ਫ਼ਸਲਾਂ ਦੀ ਪੈਦਾਵਾਰ ਦੀ ਲਾਗਤ ਵਿੱਚ ਏ2 (ਅਸਲ ਅਦਾ ਕੀਤੀ ਲਾਗਤ), ਏ2 + ਐਫ ਐਲ (ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ) ਅਤੇ ਸੀ2 [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}] ਸ਼ਾਮਿਲ ਹਨ। ਕਮਿਸ਼ਨ ਹਰੇਕ ਫ਼ਸਲ ਲਈ ਪੈਦਾਵਾਰ ਲਾਗਤ ਦੀ ਗਣਨਾ ਲਈ ਰਾਜ-ਵਾਰ ਅਸਲ ਲਾਗਤ ਅਨੁਮਾਨ ਲੈਂਦਾ ਹੈ।

ਦਾਲਾਂ ਵਿੱਚੋਂ, ਮਸਰ ਲਈ ਵਿਆਪਕ ਅੰਦਾਜ਼ਨ ਲਾਗਤ 5,243 ਰੁਪਏ ਪ੍ਰਤੀ ਕੁਇੰਟਲ ਅਤੇ ਛੋਲਿਆਂ ਲਈ 4,875 ਰੁਪਏ ਪ੍ਰਤੀ ਕੁਇੰਟਲ ਹੈ।

ਤੇਲ ਬੀਜਾਂ ਵਿੱਚ, ਸੀ ਏ ਸੀ ਪੀ ਨੇ ਤੋਰੀਆ-ਸਰ੍ਹੋਂ ਲਈ 4,458 ਰੁਪਏ ਪ੍ਰਤੀ ਕੁਇੰਟਲ ਅਤੇ ਕੁਸੰਭਾ ਲਈ 5,738 ਰੁਪਏ ਪ੍ਰਤੀ ਕੁਇੰਟਲ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਦੀ ਗਣਨਾ ਕੀਤੀ ਹੈ।

**2026-27 ਹਾੜ੍ਹੀ ਮੰਡੀਕਰਨ ਮੌਸਮ ਲਈ ਫ਼ਸਲਾਂ ਦੀ ਅੰਦਾਜ਼ਨ ਪੈਦਾਵਾਰ ਲਾਗਤ ਅਤੇ ਐਮ ਐਸ ਪੀ**

| **ਫ਼ਸਲ** | **2026-27 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਅੰਦਾਜ਼ਨ ਪੈਦਾਵਾਰ ਲਾਗਤ (ਰੁਪਏ ਪ੍ਰਤੀ ਕੁਇੰਟਲ)** | | | **2026-27 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ)** |
|---|---|---|---|---|
| | ***ਏ2** | ****ਏ2+ਐਫਐਲ** | **#ਸੀ2** | |
| ਕਣਕ | 994 | 1,239 | 1,804 | 2,585 |
| ਜੌਂ | 912 | 1,361 | 1,862 | 2,150 |
| ਛੋਲੇ | 2,886 | 3,699 | 4,875 | 5,875 |
| ਮਸਰ | 2,825 | 3,705 | 5,243 | 7,000 |
| ਸਰ੍ਹੋਂ ਅਤੇ ਤਾਰਾਮੀਰਾ | 2,219 | 3,210 | 4,558 | 6,200 |
| ਕੁਸੰਭਾ | 3,052 | 4,360 | 5,738 | 6,540 |

**ਸਰੋਤ:** ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}